ਸ਼੍ਰੇਣੀ- ਛੇਵੀਂ

ਗ੍ਰਿਹ ਵਿਗਿਆਨ

ਸਮਾਂ:3 ਘੰਟੇ
ਸਮਾਂ: 3 ਘੰਟੇ

ਲਿਖਤੀ: 40 ਅੰਕ
ਪ੍ਰਯੋਗੀ: 50 ਅੰਕ
ਸੀ.ਸੀ.ਈ.: 10 ਅੰਕ
ਕੁੱਲ: 100 ਅੰਕ

ਪ੍ਰਸ਼ਨ ਪੱਤਰ ਦੀ ਰੂਪ-ਰੇਖਾ (ਲਿਖਤੀ)

1. ਪ੍ਰਸ਼ਨ ਪੱਤਰ ਵਿੱਚ ਕੁੱਲ 21 ਪ੍ਰਸ਼ਨ ਹੋਣਗੇ।

2. ਪ੍ਰਸ਼ਨ ਪੱਤਰ ਤਿੰਨ ਭਾਗਾਂ ਵਿੱਚ ਵੰਡਿਆ ਹੋਵੇਗਾ। ਹਰ ਭਾਗ ਸਾਰੇ ਪਾਠ-ਕ੍ਰਮ ਤੇ ਅਧਾਰਿਤ ਹੋਵੇਗਾ।

ਭਾਗ-I ਵਿੱਚ ਸੱਤ (07) ਵਸਤੂਨਿਸ਼ਠ ਪ੍ਰਸ਼ਨ (1 ਤੋਂ 7) ਪੁੱਛੇ ਜਾਣਗੇ। ਹਰ ਪ੍ਰਸ਼ਨ ਇੱਕ ਅੰਕ ਦਾ ਹੋਵੇਗਾ। ਸਾਰੇ ਪ੍ਰਸ਼ਨ ਵਸਤੂਨਿਸ਼ਠ/ ਬਹੁ-ਭਾਂਤੀ ਉੱਤਰਾਂ ਵਾਲੇ ਹੋਣਗੇ। 7×1=7

ਭਾਗ-II ਵਿੱਚ ਨੌਂ (9) ਛੋਟੇ ਉੱਤਰਾਂ ਵਾਲੇ ਪ੍ਰਸ਼ਨ (8 ਤੋਂ 16) ਪੁੱਛੇ ਜਾਣਗੇ, ਜਿਨ੍ਹਾਂ ਵਿੱਚੋਂ ਕੋਈ ਛੇ (6) ਪ੍ਰਸ਼ਨ ਕਰਨੇ ਹੋਣਗੇ। ਹਰ ਪ੍ਰਸ਼ਨ 3 ਅੰਕ ਦਾ ਹੋਵੇਗਾ। 6×3=18

ਭਾਗ-III ਵਿੱਚ ਪੰਜ (5) ਨਿਬੰਧਾਤਮਕ ਪ੍ਰਸ਼ਨ (17 ਤੋਂ 21) ਪੁੱਛੇ ਜਾਣਗੇ ਜਿਨ੍ਹਾਂ ਵਿੱਚੋਂ ਕੋਈ ਤਿੰਨ (3) ਪ੍ਰਸ਼ਨ ਕਰਨੇ ਹੋਣਗੇ। ਹਰ ਪ੍ਰਸ਼ਨ 5 ਅੰਕ ਦਾ ਹੋਵੇਗਾ। 3×5=15

ਮਾਡਲ ਟੈਸਟ ਪੇਪਰ

ਸਮਾਂ : 3 ਘੰਟੇ

ਕੁੱਲ ਅੰਕ : 40

ਭਾਗ-1

ਭਾਗ -1 ਵਿੱਚ ਕੁੱਲ 7 ਵਸਤੂਨਿਸ਼ਠ ਪ੍ਰਸ਼ਨ (ਪ੍ਰਸ਼ਨ ਨੰ : 1 ਤੋਂ 7) ਹਨ। ਹਰ ਇੱਕ ਪ੍ਰਸ਼ਨ 1 ਅੰਕ ਦਾ ਹੈ ਅਤੇ ਸਾਰੇ ਪ੍ਰਸ਼ਨ ਲਾਜ਼ਮੀ ਹਨ।

ਪ੍. 1. _____ਮਨੁੱਖ ਦੀਆਂ ਮੁੱਢਲੀਆਂ ਲੋੜਾਂ ਹਨ।

ਪ੍. 2. ਪਾਣੀ ਦਾ ਮੁੱਖ ਕੰਮ ਕੀ ਹੈ।

ਪ੍ਰ. 3. ਕਿਹੜਾ ਵਿਟਾਮਿਨ ਪਕਾਉਣ ਨਾਲ ਨਸ਼ਟ ਹੋ ਜਾਂਦਾ ਹੈ?

(ੳ) ਵਿਟਾਮਿਨ ਏ (ਅ) ਵਿਟਾਮਿਨ ਬੀ

(ੲ) ਵਿਟਾਮਿਨ ਸੀ (ਸ) ਵਿਟਾਮਿਨ ਡੀ

ਪ੍ਰ. 4. ਵੱਡੇ ਸ਼ਹਿਰਾਂ ਵਿੱਚ ਘਰ ਦੀ ਸਫ਼ਾਈ ਕਰਨ ਲਈ _____ ਬਿਜਲੀ ਦੇ ਉਪਕਰਨ ਦੀ ਵਰਤੋਂ ਕੀਤੀ ਜਾਂਦੀ ਹੈ।

ਪ੍ਰ. 5. ਸ਼ੁੱਧ ਹਵਾ ਵਿੱਚ ਆਕਸੀਜਨ _____ ਪ੍ਰਤੀਸ਼ਤ ਹੁੰਦੀ ਹੈ।

ਪ੍ਰ. 6. ਸਾਨੂੰ ਗੰਦੇ ਕੱਪੜੇ ਪਾਉਣੇ ਚਾਹੀਦੇ ਹਨ। (ਸਹੀ/ਗਲਤ)

ਪ੍ਰ. 7. ਦੰਦਾਂ ਲਈ ਭੋਜਨ ਦੇ _____ ਤੱਤ ਮਹੱਤਵਪੂਰਨ ਹਨ। $7 \times 1 = 7$

ਭਾਗ- II

ਭਾਗ-II ਵਿੱਚ ਕੁੱਲ 9 ਛੋਟੇ ਉੱਤਰਾਂ ਵਾਲੇ ਪ੍ਰਸ਼ਨ (ਪ੍ਰਸ਼ਨ ਨੰ: 8 ਤੋਂ 16) ਹਨ, ਜਿਨ੍ਹਾਂ ਵਿੱਚੋਂ ਕੋਈ 6 ਪ੍ਰਸ਼ਨ ਕਰਨੇ ਲਾਜ਼ਮੀ ਹਨ। ਹਰ ਇੱਕ ਪ੍ਰਸ਼ਨ 3 ਅੰਕ ਦਾ ਹੈ।

ਪ੍ਰ. 8. ਪੁਰਾਣੇ ਤੇ ਅੱਜ ਦੇ ਮਨੁੱਖ ਦੇ ਖਾਣੇ ਵਿੱਚ ਕੀ ਫ਼ਰਕ ਹੈ?

ਪ੍ਰ. 9. ਭੋਜਨ ਦੇ ਪੌਸ਼ਟਿਕ ਤੱਤ ਕਿਹੜੇ-ਕਿਹੜੇ ਹਨ?

ਪ੍ਰ. 10. ਖਾਣਾ ਕਿਉਂ ਪਕਾਇਆ ਜਾਂਦਾ ਹੈ?

ਪ੍ਰ. 11. ਘਰ ਦੇ ਆਸ-ਪਾਸ ਕਿਹੋ ਜਿਹੇ ਲੋਕਾਂ ਦਾ ਹੋਣਾ ਜ਼ਰੂਰੀ ਹੈ?

ਪ੍ਰ. 12. ਗੰਦੀ ਹਵਾ ਵਿੱਚ ਸਾਹ ਲੈਣਾ ਸਿਹਤ ਲਈ ਕਿਉਂ ਹਾਨੀਕਾਰਕ ਹੈ?

ਪ੍ਰ. 13. ਗਰਮ ਅਤੇ ਠੰਢੇ ਰੰਗ ਕਿਹੜੇ-ਕਿਹੜੇ ਹਨ?

ਪ੍ਰ. 14. ਕੱਪੜਿਆਂ ਨੂੰ ਨੀਲ ਕਿਵੇਂ ਅਤੇ ਕਿਉਂ ਲਗਾਈ ਜਾਂਦੀ ਹੈ?

ਪ੍ਰ. 15. ਨਹਾਉਣ ਤੋਂ ਪਹਿਲਾਂ ਮਾਲਿਸ਼ ਕਿਉਂ ਕਰਨੀ ਚਾਹੀਦੀ ਹੈ?

ਪ੍ਰ. 16. ਘੱਟ ਰੋਸ਼ਨੀ ਵਿੱਚ ਕਿਉਂ ਨਹੀਂ ਪੜ੍ਹਨਾ ਚਾਹੀਦਾ? $6 \times 3 = 18$

ਭਾਗ- III

ਭਾਗ-III ਵਿੱਚ ਕੁੱਲ 5 ਨਿਬੰਧਾਤਮਕ ਪ੍ਰਸ਼ਨ (ਪ੍ਰਸ਼ਨ ਨੰ: 17 ਤੋਂ 21) ਹਨ, ਜਿਨ੍ਹਾਂ ਵਿੱਚੋਂ ਕੋਈ 3 ਪ੍ਰਸ਼ਨ ਕਰਨੇ ਲਾਜ਼ਮੀ ਹਨ। ਹਰ ਇੱਕ ਪ੍ਰਸ਼ਨ 5 ਅੰਕ ਦਾ ਹੈ।

ਪ੍ਰ. 17. ਭੋਜਨ ਦੇ ਕਿਹੜੇ ਪੌਸ਼ਟਿਕ ਤੱਤ ਵਿੱਚ ਨਾਈਟ੍ਰੋਜਨ ਹੁੰਦੀ ਹੈ ਅਤੇ ਸਰੀਰ ਵਿੱਚ ਇਸਦੇ ਕੀ ਕੰਮ ਹਨ?

ਪ੍ਰ. 18. ਕਿਹੜੇ ਭੋਜਨ ਪਦਾਰਥਾਂ ਨੂੰ ਬਿਨਾਂ ਪਕਾਏ ਨਹੀਂ ਖਾਧਾ ਜਾ ਸਕਦਾ? ਸੂਚੀ ਬਣਾਉ।

ਪ੍ਰ. 19. ਸ਼ੁੱਧ ਹਵਾ ਦੇ ਕੀ ਲਾਭ ਹਨ?

ਪ੍ਰ. 20. ਤੁਸੀਂ ਆਪਣੇ ਕੱਪੜਿਆਂ ਦੀ ਦੇਖਭਾਲ ਕਿਵੇਂ ਕਰੋਗੇ?

ਪ੍ਰ. 21. ਪ੍ਰੈਸ ਕਰਨ ਦੇ ਕੀ ਨਿਯਮ ਹਨ?

$3 \times 5 = 15$